Weekly

# CANADA SIKH TIMES

20 - 26 July 2024 | ਕੈਨੇਡਾ ਸਿੱਖ ਟਾਈਮਜ਼ | Volume 2 Issue 29

• RELIGION • CULTURE • HERITAGE • BUSINESS

## ਰਾਜ ਸਿੰਘ ਬਦੇਸ਼ਾ ਨੇ ਅਮਰੀਕਨ ਸੁਪੀਰੀਅਰ ਕੋਰਟ ਵਿਚ ਜੱਜ ਵਜੋਂ ਚੁੱਕੀ ਸੰਹੁ



2022 ਤੋਂ ਫਰਿਜ਼ਨੋ ਸਿਟੀ ਅਟਾਰਨੀ ਦੇ ਦਫਤਰ ਵਿੱਚ ਮੁੱਖ ਸਹਾਇਕ ਸਿਟੀ ਅਟਾਰਨੀ ਦੇ ਵਜੋਂ ਕੰਮ ਕਰਨ ਵਾਲੇ ਪਹਿਲੇ ਸਿੱਖ ਰਾਜ ਸਿੰਘ ਬਦੇਸ਼ਾ ਨੂੰ ਕੈਲੀਫੋਰਨੀਆ ਸੂਬੇ ਦੀ ਫਰਿਜਨੋ ਸਿਟੀ ਦੀ ਸੁਪੀਰੀਅਰ  ਕੋਰਟ ਵਿੱਚ ਜੱਜ ਦੇ ਵਜੋਂ ਸੰਹੁ ਚੁੱਕ ਲਈ ਹੈ। ਰਾਜ ਸਿੰਘ ਬਦੇਸ਼ਾ ਨੇ 2022 ਤੋਂ ਫਰਿਜ਼ਨੋ ਸਿਟੀ ਅਟਾਰਨੀ ਦੇ ਦਫਤਰ ਵਿੱਚ ਚੀਫ ਅਸਿਸਟੈਂਟ ਸਿਟੀ ਦੇ ਅਟਾਰਨੀ ਵਜੋਂ ਸੇਵਾ ਨਿਭਾਈ ਹੈ ਅਤੇ ਉਹ 2012 ਤੋਂ ਉੱਥੇ ਹੀ ਕਈ ਅਹਿਮ ਭੂਮਿਕਾਵਾਂ ਨਿਭਾਅ ਚੁਕਿਆ ਹੈ। ਉਹ 2008 ਤੋਂ 2012 ਤੱਕ ਬੇਕਰ ਮੈਨੋਕ ਐਂਡ ਜੇਨਸਨ ਵਿੱਚ ਵੀ ਇੱਕ ਐਸੋਸੀਏਟ ਸੀ। ਬਦੇਸ਼ਾ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਕਾਲਜ ਆਫ ਲਾਅ, ਸੈਨ ਫਰਾਂਸਿਸਕੋ ਤੋਂ ਜੂਰੀਸ ਡਾਕਟਰ ਦੀ ਡਿਗਰੀ ਹਾਸਲ ਕੀਤੀ ਹੈ ਅਤੇ ਉਹ ਜੱਜ ਜੋਨ.ਐਨ. ਕਪੇਟਨ ਦੀ ਸੇਵਾਮੁਕਤੀ ਉਪਰੰਤ ਖਾਲੀ ਹੋਈ ਥਾਂ ’ਤੇ ਨਿਯੁਕਤ ਕੀਤੇ ਗਏ ਹਨ। ਉੱਚ ਅਦਾਲਤਾਂ ਦਾ ਆਕਾਰ 1 ਤੋਂ 55 ਸ਼ਾਖਾਵਾਂ ਤੱਕ ਹੁੰਦਾ ਹੈ। ਇੱਕ ਉੱਚ ਅਦਾਲਤ ਇੱਕ ਹੇਠਲੀ ਅਦਾਲਤ ਹੈ ਜਿਸ ਵਿੱਚ ਇੱਕ ਜੱਜ ਜਾਂ ਜਿਊਰੀ ਗਵਾਹਾਂ ਦੀ ਗਵਾਹੀ ਅਤੇ ਹੋਰ ਸਬੂਤਾਂ ਦੁਆਰਾ ਪੇਸ਼ ਕੀਤੇ ਤੱਥਾਂ ਨੂੰ ਕਾਨੂੰਨ ਨੂੰ ਲਾਗੂ ਕਰਕੇ ਕੇਸਾਂ ਦਾ ਫ਼ੈਸਲਾ ਸੁਣਾਉਦੀ ਹੈ।

## Punjab Origin Athlete to Represent Canada in Paris Olympics



With roots in Punjab's Fatehgarh Sahib, Jessica Gaudreault is going to make waves at the Paris Olympics 2024, being a part of Canada's water polo team. Born in Ottawa, Canada, Jessica will be the national team goalkeeper. Jessica's mother Ajit Kaur Tiwana was born in Chanarthal Kalan, the largest village in Fatehgarh Sahib district. The 30-year-old athlete Jessica will be an integral part of Canada women's water polo team. She started playing water polo in 2008 at the age of 14. Since then she has never looked back. She completed her studies in Chemistry at Indiana University in 2019. In 2022, she joined the University of Michigan team as a coach. This made her the first woman of Asian-Indian descent to coach in the National Collegiate Athletic Association.

## Scientists Discover Lost Mainland Hiding Between Canada And Greenland

Scientists at the University of Derby discovered a lost continent, the Davis Strait proto-microcontinent, beneath the Davis Strait between Canada and Greenland. Formed over 60 million years ago, the 250-mile-long landmass was identified using advanced tectonic data analysis. This discovery enhances understanding of plate tectonics and aids in predicting future tectonic events and resource exploration. At the University of Derby, UK, scientists have unearthed a lost continent. It was located deep within the southern arm of the Arctic Ocean. It was formed over 60 million years ago. The 250-mile-long landmass has been dubbed the Davis Strait proto-microcontinent. It was found beneath the Davis Strait, between Canada and Greenland. The researches stumbled upon it while studying the area's plate tectonic movements.

The team was led by Dr. Jordan Phethean. They made the discovery while reconstructing the tectonic movements in the region. Employing a combination of crustal thickness data from gravity maps, seismic reflection data, and plate tectonic modeling, they identified a thick crust extending nearly 250 miles under the Davis Strait. This thick crust is a tectonic block that became detached from a continent. It is now being considered a proto-microcontinent formed through a prolonged period of rifting and seafloor spreading between Greenland and North America.

# DESH VIDESH



## ਸੂਤਕ ਦੇ ਭਰਮ ਭੁਲੇਖੇ-2

- ਸਤਵੰਤ ਕੌਰ, ਜਮਸ਼ੇਦਪੁਰ

ਜਨਮ ਦੇ ਸੰਬੰਧ ਵਿਚ ਖਾਨ ਪੀਣ ਵਿਚ ਕੋਈ ਭਰਮ ਨਹੀ ਕਰਨਾ ਅਗੇ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:

**ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥** (ਅੰਗ 472)

ਗੁਰੂ ਜੀ ਅਸਲ ਅਪਵਿੱਤਰਤਾ ਦਾ ਜਿਕਰ ਕਰਦੇ ਹਨ ਜੋ ਹਰ ਸੰਸਾਰੀ ਜੀਵ ਨੂੰ ਵਾਪਰ ਰਹੀ ਹੈ ਜਿਸ ਤੋਂ ਬਚਣਾ ਸੱਚੇ ਧਰਮੀ ਲਈ ਬਹੁਤ ਜ਼ਰੂਰੀ ਹੈ ਲ ਮਨ ਦੀ ਅਪਵਿੱਤਰਤਾ ਸਾਡੇ ਮਨ ਨੂੰ ਭੀਟਣ ਵਾਲਾ ਲੋਭ ਲਾਲਚ ਹੈ ਤੇ ਜੀਵ ਲਈ ਅਸਲ ਸੂਤਕ ਝੂਠ ਬੋਲਣਾ ਹੈ:

**ਕੂੜੁ ਬੋਲਿ ਮੁਰਦਾਰੁ ਖਾਇ॥** (ਅੰਗ 139)
**ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥** (ਅੰਗ 472)

ਪਰਾਈ ਇਸਤਰੀ ਦਾ ਰੂਪ ਤੇ ਪਰਾਇਆ ਧਨ ਮੰਦੀ ਨਜ਼ਰ ਨਾਲ ਦੇਖਣਾ ਅੰਖਾਂ ਲਈ ਸੂਤਕ ਦਾ ਕਾਰਨ ਹੈ! ਪਰਾਏ ਰੂਪ ਨੂੰ ਮੰਦੀ ਦ੍ਰਿਸ਼ਟੀ ਨਾਲ ਨਾ ਦੇਖ ਬ੍ਰਹਮ ਦ੍ਰਿਸ਼ਟੀ ਨਾਲ ਦੇਖਣਾ ਚਾਹੀਦਾ ਹੈ:

ਪਰ ਬੇਟੀ ਕੋ ਬੇਟੀ ਜਾਨੈ।
ਪਰ ਇਸਤ੍ਰੀ ਕੋ ਮਾਤ ਬਖਾਨੈ।
ਅਪਨੀ ਇਸਤ੍ਰੀ ਸੋ ਰਤ ਹੋਈ।
ਰਹਿਤਵਾਨ ਗੁਰੁ ਕਾ ਸਿੰਘ ਸੋਈ। (ਰਹਿਤਨਾਮਾ-ਭਾਈ ਦੇਸਾ ਸਿੰਘ)

**ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥** (ਅੰਗ 472)

ਮਨੁੱਖ ਦੇ ਕਨਾ ਵਿਚ ਵੀ ਸੂਤਕ ਪਿਆ ਹੋਇਆ ਹੈ ਕਿਉਂਕਿ ਕਨ ਨਿੰਦਿਆਂ, ਚੁਗਲੀ ਸੁਨਣ ਵਿਚ ਲਗੇ ਹੋਏ ਹਨ:

**ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ॥** (ਅੰਗ 472)

ਨਹਾ ਧੋਕੇ ਬਗੁਲਾ ਬਣਿਆ ਹੋਇਆ ਇਨਸਾਨ ਆਪਣੇ ਆਪ ਨੂੰ ਉਜਲ ਸਾਫ ਸੁਥਰਾ ਸਮਝਦਾ ਹੈ ਪਰ ਲੋਭ, ਲਾਲਚ ਝੂਠ ਪਰ ਰੂਪ ਤਕਨਾ ਨਿੰਦਿਆਂ ਚੁਗਲੀ ਵਰਗੇ ਅਸਲ ਸੂਤਕ ਉਸ ਨੂੰ ਚਮੜੇ ਹਨ ਜਿਨ੍ਹਾਂ ਤੋਂ ਬਚਨ ਦੀ ਲੋੜ ਹੈ ਅਗਿਆਨ ਦੇ ਆਧਾਰ ਤੇ ਕਰਮਕਾਂਡੀ ਸੂਤਕ ਦਾ ਸਿਧਾਂਤ ਕੇਵਲ ਵਹਿਮ ਤੋਂ ਵੱਧ ਹੋਰ ਕੁਝ ਵੀ ਨਹੀਂ। ਸਮਾਜ ਨੂੰ ਜਾਗਰੂਕ ਹੋਣ ਦੀ ਲੋੜ ਹੈ, ਉਹ ਲੋਕ ਔਰਤ, ਮਾਂ ਦੀ ਕਦਰ ਕਰਨਾ ਸਿੱਖਣ ਜਿਹੜੀ ਰਾਜਿਆ ਮਹਾਰਾਜਿਆ ਦੀ ਜਨਨੀ ਹੈ। ਭਲਾ ਉਸ ਨੂੰ ਸੂਤਕ ਕਿਵੇਂ ਚਿਮੜ ਸਕਦਾ ਹੈ? ਇਸੇ ਘਿਣੋਨੇ ਭਰਮਾਂ ਤੋਂ ਬਾਹਰ ਨਿਕਲਣ ਦੀ ਹਿਦਾਇਤ ਗੁਰੂ ਜੀ ਦੀ ਬਾਣੀ ਦਿੰਦੀ ਹੈ, ਤਾਂ ਹੀ ਇਸਤਰੀ ਦੀ ਮਾਨਸਿਕਤਾ ਉੱਚੀ ਹੋ ਸਕਦੀ ਹੈ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

'ਸੂਤਕ' ਸੰਸਕ੍ਰਿਤ ਦਾ ਸ਼ਬਦ (ਲਫਜ਼) ਤੇ ਇਸ ਦਾ ਮਤਲਬ "ਅਪਵਿੱਤਰਤਾ" ਹੈ। ਇਸ ਬਾਰੇ ਭਾਈ ਕਾਹਨ ਸਿੰਘ ਨਾਭ੍ਹਾ ਲਿਖਦੇ ਹਨ ਕਿ ਸੂਤ (ਪ੍ਰਸੂਤ) ਸਮੇਂ ਦੀ ਅਸ਼ੁੱਧੀ। ਹਿੰਦੂ ਧਰਮ ਦੇ ਸ਼ਾਸ਼ਤਰਾਂ ਅਨੁਸਾਰ ਇਹ ਅਸ਼ੁੱਧੀ ਬ੍ਰਾਹਮਣ ਦੇ ੧੧ ਦਿਨ, ਛਤ੍ਰੀ ਦੇ ੧੩ ਦਿਨ, ਵੈਸ਼ ਦੇ ੧੭ ਦਿਨ ਅਤੇ ਸ਼ੂਦਰ ਦੇ ੩੦ ਦਿਨ ਰਹਿੰਦੀ ਹੈ।

## Kargil War-2



Brig Bajwa said 52 soldiers with two officers and four JCOs of the 8 Sikh were held in reserve in the battle. "These are the men who turned the whole battle. Let me tell you it was the 8 Sikh which turned the tide of the battle. Let anyone say otherwise. I also got tremendous support from the artillery firepower of the Bofors as that was the only asset I could play with," Brig Bajwa said.

He went on to say that full credit must be given to the 18 Grenadiers, particularly Lt (now Colonel) Balwan Singh, who led the men of the Ghatak platoon and climbed to the top. He was later given Mahavir Chakra while Yogender Yadav got Param Vir Chakra.

"These men reached the top but came under heavy fire from the Pakistanis who had made well-entrenched defences. This was when the 8 Sikh troops were pushed in and they kept hanging on at the top. I gave them a motivational talk on the radio and told them not to give an inch in the face of repeated Pakistani counterattacks. With two officers wounded and three JCOs killed, Subedar Nirmal Singh was the only leader left and I told him that he had to ensure that the honour bestowed on Sikhs by Dashmesh Pita (Guru Gobind Singh) was not let down.

"They (8 Sikh battalion) lost 14 men in the Pakistani counter attacks and both their officers were wounded and all four JCOs killed," Brig Bajwa said.

Subedar Nirmal Singh was born on May 6, 1957, in a village in Gurdaspur district. He was enrolled in the 8 Sikh in 1976. On July 4, 1999, he was among the badly wounded in the Pakistani counterattack but retained command of his troops and was in touch with the Brigade Commander (Brig MPS Bajwa) on the wireless who kept motivating him to beat the Pakistan attacks.

In the heavy hand-to-hand fighting, Subedar Nirmal Singh led his men despite being seriously wounded and finally died when he got shot in the head. He was awarded the Vir Chakra posthumously.

"Before getting killed due to a direct hit on his head, Subedar saab had told us to shout our Jaikara (war cry) 'Bole So Nihal Sat Sri Akal' with all our might and rush the attacking enemy and the officer leading them. I had suffered four bullet wounds and fired two magazines of my Light Machine Gun (LMG) into the enemy as hand-to-hand fighting broke out. I pounced upon the tall, well-built man dressed in a tracksuit and leading the Pak troops.

(Continued)

# HERITAGE

## Seminar to Commemorate Bhai Taru Singh Martyrdom




Kesh Sambhal Parchar Sanstha organised a Seminar at Gurdwara Dashmesh Darbar, Ebenezer Road, Brampton, Canada to create awareness about the *Keshas* while commemorating the great Martyrdom of Bhai Taru Singh. At the start Dr. Harjinder Singh, Director Anchor of 'Aao Baniye Gursikh Pyara' Quiz show briefed the relevance of Sikh Values in 21st Century and urged the audience to indulge in constructive efforts for the bright future of the Sikh youth. Jasminder Singh, CA stressed upon the need of initiating dialogue with different communities and within the Panth to carry forward the legacy of Guru Nanak Sahib S. SJS Pall, Chairman of the Sanstha explained in detail the innovative programmes being organised continuously to involve the Sikh youth on various platforms. S. Satinder Singh Chawla, theme film producer specially came from Australia to participate in the Seminar.

## ਕੈਨੇਡਾ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ



ਕੈਨੇਡਾ ਦੇ ਗੁਰਦੁਆਰੇ ਓਂਟੈਰੀਓ ਖਾਲਸਾ ਦਰਬਾਰ, ਮਿਸੀਸਾਗਾ ਵਿਖੇ ਗੁਰਮਤਿ ਸਕੂਲ ਵੱਲੋਂ ਗਰਮੀਆਂ ਦੀ ਛੁੱਟੀਆਂ ਵਿੱਚ ਗੁਰਮਤ ਕੈਂਪ ਆਯੋਜਿਤ ਕੀਤਾ ਗਿਆ। 3 ਜੁਲਾਈ ਤੋਂ 13 ਜੁਲਾਈ ਤੱਕ ਰੋਜ਼ਾਨਾ 9 ਤੋਂ 5 ਵਜੇ ਤੱਕ ਚਨਪ੍ਰੀਤ ਕੌਰ ਨੇ ਬੱਚਿਆਂ ਦੀਆਂ ਕਲਾਸਾਂ ਲਾਈਆਂ, ਜਿਸ ਵਿੱਚ ਤਕਰੀਬਨ 350 ਬੱਚਿਆਂ ਨੇ ਭਾਗ ਲਿਆ। 3 ਤੋਂ 15 ਸਾਲ ਤੱਕ ਦੇ ਬੱਚਿਆਂ ਨੂੰ ਉਮਰ ਮੁਤਾਬਿਕ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡਿਆ ਗਿਆ। 15 ਤੋਂ 20 ਸਾਲ ਦੇ ਬੱਚਿਆਂ ਨੂੰ ਗੁਰਮਤਿ ਅਨੁਸਾਰ ਲੀਡਰਸ਼ਿਪ ਦੀਆਂ ਕਲਾਸਾਂ ਵੀ ਦਿੱਤੀਆਂ ਗਈਆਂ। ਬੱਚਿਆਂ ਨੇ ਗੁਰਮੁਖੀ, ਸਿੱਖ ਇਤਿਹਾਸ, ਗੁਰਬਾਣੀ ਕੀਰਤਨ, ਰਾਗ ਵਿੱਦਿਆ, ਸਾਜ਼ ਸਿੱਖਣ ਦੇ ਨਾਲ-ਨਾਲ ਸੈਲਫ ਡਿਫੈਂਸ, ਗਤਕਾ ਅਤੇ ਪਿਕਨਿਕ ਦਾ ਵੀ ਆਨੰਦ ਮਾਣਿਆ। ਬੱਚਿਆਂ ਦੀ ਸਿੱਖੀ ਨਾਲ ਜੋੜਨ ਲਈ ਕੀਰਤਨੀਏ ਅਤੇ ਕਥਾਵਾਚਕ ਵੀ ਉਚੇਚੇ ਤੌਰ 'ਤੇ ਸੱਦੇ ਗਏ। ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਆਖਰੀ ਦਿਨ ਸਰਟੀਫਿਕੇਟ ਅਤੇ ਇਨਾਮਾਂ ਰਾਹੀਂ ਸਨਮਾਨਿਤ ਕੀਤਾ ਗਿਆ।

## ਕੈਨੇਡਾ 'ਚ ਪੰਜਾਬੀ ਵਿਦਿਆਰਥੀਆਂ ਦਾ ਦਾਖਲਾ ਹੋਇਆ ਔਖਾ




ਪੰਜਾਬੀ ਵਿਦਿਆਰਥੀਆਂ ਦਾ ਕੈਨੇਡਾ ਵਿਚ ਦਾਖਲਾ ਹੋਰ ਔਖਾ ਹੋ ਗਿਆ ਹੈ। ਅਸਲ ਵਿਚ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਹੋਰ ਘਟਾਉਣ ਦਾ ਐਲਾਨ ਕੀਤਾ ਗਿਆ ਹੈ। ਹੁਣ ਬੀ.ਸੀ. ਦੇ ਕਾਲਜ ਅਤੇ ਯੂਨੀਵਰਸਿਟੀਜ਼ ਆਪਣੀ ਕੁਲ ਸਮਰੱਥਾ ਦਾ ਸਿਰਫ 30 ਫ਼ੀਸਦੀ ਕੌਮਾਂਤਰੀ ਵਿਦਿਆਰਥੀਆਂ ਨੂੰ ਹੀ ਦਾਖਲਾ ਦੇ ਸਕਣਗੇ। 2023 ਵਿਚ ਬੀ.ਸੀ. ਦੀਆਂ ਵਿੱਦਿਅਕ ਸੰਸਥਾਵਾਂ ਨੂੰ 35 ਫ਼ੀਸਦੀ ਕੌਮਾਂਤਰੀ ਵਿਦਿਆਰਥੀ ਦਾਖਲ ਕਰਨ ਦੀ ਖੁੱਲ੍ਹ ਮਿਲੀ ਹੋਈ ਸੀ। 2023 ਵਿਚ 4 ਲੱਖ 27 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਦਾ ਸਟੱਡੀ ਵੀਜ਼ਾ ਮਿਲਿਆ ਅਤੇ ਮੌਜੂਦਾ ਵਰ੍ਹੇ ਦੌਰਾਨ 9.5 ਲੱਖ ਵਿਦਿਆਰਥੀਆਂ ਦੇ ਪੁੱਜਣ ਦੀ ਉਮੀਦ ਸੀ ਪਰ ਗਿਣਤੀ ਕਿਤੇ ਜ਼ਿਆਦਾ ਉਪਰ ਚਲੀ ਗਈ। ਸਭ ਤੋਂ ਵੱਧ ਕੌਮਾਂਤਰੀ ਵਿਦਿਆਰਥੀ ਭਾਰਤ ਤੋਂ ਆ ਰਹੇ ਹਨ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬ ਨਾਲ ਸਬੰਧਤ ਹੁੰਦੇ ਹਨ। ਭਾਰਤ ਤੋਂ ਬਾਅਦ ਚੀਨ, ਫਿਲੀਪੀਨਜ਼ ਅਤੇ ਨਾਈਜੀਰੀਆ ਤੋਂ ਸਭ ਤੋਂ ਵੱਧ ਵਿਦਿਆਰਥੀ ਕੈਨੇਡਾ ਪੁੱਜ ਰਹੇ ਹਨ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਅੰਕਾ ਤੇ ਸੁਸ਼ੋਭਿਤ ਨਿਤਨੇਮ ਦੀ ਕਿਹੜੀ ਬਾਣੀ ਵਿਚ 'ਮੁੰਦਾ' ਸ਼ਬਦ ਆਇਆ ਹੈ ਜਿਸਦਾ ਅਰਥ ਕੰਨ ਵਿਚ ਪਾਉਣ ਵਾਲੀਆਂ ਮੁੰਦਰਾ ਹਨ?**

a. ਜਪੁਜੀ b. ਸੋਦਰੁ
c. ਸੋ ਪੁਰਖੁ d. ਸੋਹਿਲਾ

**2. ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਅੰਕਾ ਤੇ ਸੁਸ਼ੋਭਿਤ ਨਿਤਨੇਮ ਦੀ ਕਿਹੜੀ ਬਾਣੀ ਵਿਚ ਸ਼ਬਦ 'ਨਿਰੰਜਨ' ਆਇਆ ਹੈ ਜਿਸਦਾ ਅਰਥ ਕਾਲਖ ਤੋਂ ਰਹਿਤ ਕਰਤਾ ਪੁਰਖੁ ਹੈ?**

a. ਸੋਹਿਲਾ b. ਜਪੁਜੀ
c. ਸੋ ਪੁਰਖੁ d. ਸੋਦਰੁ

**3. ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਅੰਕਾ ਤੇ ਸੁਸ਼ੋਭਿਤ ਨਿਤਨੇਮ ਦੀ ਕਿਹੜੀ ਬਾਣੀ ਵਿਚ 'ਲਾਹਾ' ਸ਼ਬਦ ਆਇਆ ਹੈ ਜਿਸਦਾ ਅਰਥ ਲਾਭ ਹੈ?**

a. ਸੋ ਪੁਰਖੁ b. ਸੋਦਰੁ
c. ਸੋਹਿਲਾ d. ਜਪੁਜੀ

**4. ਗੁਰਮੁਖੀ ਦੇ ਕਿਸ ਅੱਖਰ ਦੇ 2 ਬਦਲਵੇਂ ਰੂਪ 'ਪੈਂਤੀ ਅੱਖਰੀ' ਵਿਚ ਮਿਲਦੇ ਹਨ?**

a. ਯ b. ਮ
c. ਹ d. ਘ

(ਵੇਖੋ ਉੱਤਰ ਪੰਨਾ 4 'ਤੇ)

## CAREER COUNSELLING

# *It's Not My Job*



Narinder Pal Singh




### In life, we often hear the line, it's not my job

But here's the truth: taking responsibility is not about claiming ownership of problems, but it's about recognizing that you possess the power to be a leader and the solution to any challenge that comes your way. Taking responsibility is not a burden. It is a catalyst for personal and professional growth. By accepting that you are the leader and solution, you empower yourself to create positive change and impact in any situation.

Here are practical ways to adopt this mindset and tackle tasks beyond your allocated duties:

* **Ownership Mentality:** Treat every task as if it were your own. This mindset shift can turn any challenge into a chance to excel.
* **Prudctive Mindset:** Don't wait for tasks to be assigned; seek opportunities to contribute. Identify areas where your skills can make a difference.
* **Effective Communication:** Don't hesitate to express your willingness to help. Clear communication can lead to unexpected opportunities.
* **Skill Development:** Continuously upgrade your skills. The more versatile you are, the more problems you can solve.
* **Learn & Adopt:** Don't fear the unfamiliar. Accept new tasks as opportunities to learn and grow. Adaptability is a superpower.

So, next time you hear "It's not my job," remember that you have the power to make it your responsibility and, in doing so, shape a brighter future for yourself and those around you.

## ਅਮਰੀਕੀ ਰਿਪਬਲਿਕਨ ਪਾਰਟੀ ਦੇ ਕੌਮੀ ਸੰਮੇਲਨ ਵਿਚ ਹਰਮੀਤ ਕੌਰ ਢਿਲੋਂ ਨੇ ਕੀਤੀ ਅਰਦਾਸ



ਅਮਰੀਕਾ ’ਚ ਰਿਪਬਲਿਕ ਪਾਰਟੀ ਦੀ ਕੌਮੀ ਕਨਵੈਨਸ਼ਨ ਸ਼ੁਰੂ ਹੋ ਗਈ ਹੈ। ਸੰਮੇਲਨ ’ਚ ਡੋਨਾਲਡ ਟਰੰਪ ਨੂੰ ਪਾਰਟੀ ਦੇ ਰਾਸ਼ਟਰਪਤੀ ਅਹੁੰਦੇ ਦੇ ਉਮੀਦਵਾਰ ਵਜ਼ੋ ਨਾਮਜ਼ਦ ਕੀਤਾ ਜਾਵੇਗਾ। ਅਮਰੀਕਾ ਵਿਚ ਵਸਦੇ ਬਹੁਤ ਸਾਰੇ ਭਾਰਤੀ ਮੂਲ ਦੇ ਲੋਕਾਂ ਨੇ ਇਸ ਕਾਨਫਰੰਸ ਵਿਚ ਹਿੱਸਾ ਲਿਆ ਅਤੇ ਆਪਣੀ ਵੱਖਰੀ ਛਾਪ ਛੱਡੀ। ਅਮਰੀਕੀ ਸੂਬੇ ਵਿਸਕਾਨਸਿਨ ਦੇ ਸ਼ਹਿਰ ਮਿਲਵਾਕੀ ’ਚ ਚਾਰ ਰੋਜ਼ਾ ਰਾਸ਼ਟਰੀ ਰਿਪਬਲਿਕ ਸੰਮੇਲਨ ਚਲ ਰਿਹਾ ਹੈ। ਕੈਲੀਫੋਰਨੀਆ ਤੋਂ ਰਿਪਬਲਿਕਨ ਨੈਸ਼ਨਲ ਕਮੇਟੀ (ਆਰ ਐਨ ਸੀ) ਦੇ ਮੈਂਬਰ ਹਰਮੀਤ ਕੌਰ ਢਿਲੋਂ ਨੇ ਇਸ ਕਾਨਫ਼ਰੰਸ ਵਿਚ ਸਿਰ ਢੱਕ ਕੇ ਅਰਦਾਸ ਕੀਤੀ। ਇਸ ਦੌਰਾਨ ਓਹਾਈਓ ਰਾਜ ਦੇ ਸੈਨੇਟਰ ਨੀਰਜ ਅੰਤਾਨੀ ਨੇ ਕਿਹਾ “ਇਕ ਪ੍ਰਵਾਸੀ ਦਾ ਪੁੱਤਰ ਹੋਣ ਦੇ ਨਾਤੇ ਸਾਨੂੰ ਅਜਿਹਾ ਰਾਸ਼ਟਰਪਤੀ ਚੁਣਨਾ ਚਾਹੀਦਾ ਹੈ ਜੋ ਅਮਰੀਕੀ ਕਦਰਾਂ-ਕੀਮਤਾਂ ਨੂੰ ਬਹਾਲ ਕਰ ਸਕੇ ਤੇ ਮੇਰਾ ਮੰਨਣਾ ਹੈ ਕਿ ਡੋਨਾਲਡ ਟਰੰਪ ਅਜਿਹੇ ਉਮੀਦਵਾਰ ਹਨ। ਮੈਨੂੰ ਟਰੰਪ ਦੇ ਨੁਮਾਇੰਦੇ ਵਜ਼ੋ ਸੇਵਾ ਕਰਨ ਦਾ ਮਾਣ ਮਹਿਸੂਸ ਹੋ ਰਿਹਾ ਹੈ, ਜਿੰਨ੍ਹਾਂ ਨੂੰ ਟਰੰਪ ਦੇ ਵਿਸ਼ਵਾਸ ਪਾਤਰ ਕਿਹਾ ਜਾਂਦਾ ਹੈ।


## SIKH MATRIMONIALS

Gursikh Boy 28/5’10”/BTech/PG course from Toronto/ Canada PR/FatherAdvocate Delhi HC,Mother Retire from SBI/Contact +91 9810396775

Gursikh Boy /27/175 cms/ M.Sc. Data Scientist Annual Income 85000 CHF/ Switzerland/ Contact +41 79 134 96 22

Gursikh Boy 27/6ft.B.Com (DU) USA Green Card holder / ND,NT/ Family Business/ Sister Pursuing Masters in USA/ Contact +91 9810064036

Gursikh girl 26/5’2”/ Zoology Hons./ BEd. University of Windsor/Teacher in Ontario/Parents in Govt. Service/ Contact +91 9910229922


ਪੰਨਾ 3 ’ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. A 2. C 3. C 4. C

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555